Total No. of Questions : 5] [Total No. of Printed Pages : 4

(1126)

# B.A./B.Sc. (General) Ist Semester (0001) Examination

# 0002

## PUNJABI

## (Compulsory)

**Paper : (Same for B.A./B.Sc. (Gen.) & B.Sc. (Microbial & Food Technology, Fashion Designing & Shastri Ist Semester)**

Time : 3 Hours] [Maximum Marks : 45

---

ਨੋਟ :- ਸਾਰੇ ਪ੍ਰਸ਼ਨ ਜਰੂਰੀ ਹਨ। ਹਰ ਪ੍ਰਸ਼ਨ ਦੇ ਸਮੁੱਚੇ ਭਾਗ ਇੱਕ ਥਾਂ ਉੱਪਰ ਹੱਲ ਕੀਤੇ ਜਾਣ। ਲਿਖਾਈ ਸਾਫ ਤੇ ਸਪਸ਼ਟ ਹੋਣੀ ਚਾਹੀਦੀ ਹੈ।

1. (ੳ) ਹੇਠ ਲਿਖੇ ਕਾਵਿ ਟੋਟਿਆਂ ਵਿਚੋਂ ਕਿਸੇ ਇੱਕ ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ :-

(i) ਮਾਂ ਵਰਗਾ ਘਣ-ਛਾਵਾਂ ਬੂਟਾ,
ਮੈਨੂੰ ਨਜ਼ਰ ਨਾ ਆਏ।
ਲੈ ਕੇ ਜਿਸ ਤੋਂ ਛਾਂ ਉਧਾਰੀ
ਰੱਬ ਨੇ ਸੁਰਗ ਬਣਾਏ।



www.questionpaperesult.com

Scanned by CamScanner

ਬਾਕੀ ਕੁਲ ਦੁਨੀਆ ਦੇ ਬੂਟੇ
ਜੜ ਸੁੱਕਿਆ ਮੁਰਝਾਂਦੇ,
ਐਪਰ ਫੁੱਲਾ ਦੇ ਮੁਰਝਾਇਆਂ,
ਇਹ ਬੂਟਾ ਸੁਕ ਜਾਏ।

(ii) ਕੀ ਇਹ ਇਨਸਾਫ਼ ਹਉਮੈ ਦੇ ਪੁੱਤ ਕਰਨਗੇ
ਕੀ ਇਹ ਖਾਮੋਸ਼ ਪੱਥਰ ਦੇ ਬੁਤ ਕਰਨਗੇ
ਜੋ ਸਲੀਬਾਂ ਤੇ ਟੰਗੇ ਨੇ ਲੱਥਣੇ ਨਹੀਂ
ਰਾਜ ਬਦਲਣਗੇ ਸੂਰਜ ਚੜ੍ਹਨ ਲਹਿਣਗੇ।

(ਅ) ਹੇਠ ਲਿਖਿਆਂ ਕਵਿਤਾਵਾਂ ਵਿਚੋਂ ਕਿਸੇ ਇਕ ਦਾ ਸਾਰ ਅਤੇ ਕੇਂਦਰੀ ਭਾਵ ਲਿਖੋ :-

(i) ਚਰਖਾ

(ii) ਅਸਾਂ ਤਾਂ ਜੋਬਨ ਰੁੱਤੇ ਮਰਨਾ

2. ਹੇਠ ਲਿਖੇ ਪ੍ਰਸ਼ਨਾਂ ਕਿਸੇ ਪੰਜ ਦੇ ਲਘੂ ਉੱਤਰ ਦਿਓ :-

(i) 'ਵਿਸਾਖੀ ਦਾ ਮੇਲਾ' ਕਵਿਤਾ ਕਿਸ ਕਵੀ ਦੀ ਰਚਨਾ ਹੈ?

(ii) 'ਜਵਾਨ ਪੰਜਾਬ ਦੇ' ਕਵਿਤਾ ਪੰਜਾਬ ਕਿਹੜੇ-ਕਿਹੜੇ ਦਰਿਆਵਾਂ ਦਾ ਜ਼ਿਕਰ ਆਇਆ ਹੈ?

(iii) ਗੁਲਾਬ ਦੇ ਫੁੱਲ ਦੇ ਮੁਰਝਾਉਣ ਤੇ ਕੀ ਹੋਇਆ?



www.questionpaperesult.com
Scanned by CamScanner

(iv) ਕਵੀ ਅਮਨ ਦੀ ਅੱਖ ਚੁੱਭਣ' ਤੇ ਕਿਹਨਾਂ ਨੂੰ ਫੂਕਾਂ ਮਾਰਨ ਲਈ ਕਹਿੰਦਾ ਹੈ ?

(v) 'ਖ਼ਜ਼ਾਨਾ' ਕਵਿਤਾ ਦਾ ਰਚਨਾਕਾਰ ਕੌਣ ਹੈ ?

(vi) 'ਦੇਖ ਕਬੀਰਾ ਰੋਇਆ' ਕਵਿਤਾ ਦੀ ਸੁਰ ਕਿਹੋ ਜਿਹੀ ਹੈ ?

(vii) 'ਗੁਰੂ ਨਾਨਕ ਨੂੰ' ਕਵਿਤਾ ਦਾ ਸੰਬੰਧ ਕਿਹੜੀ ਦੁਖਾਂਤਕ ਘਟਨਾ ਨਾਲ ਹੈ ?

(viii) 'ਸੁਕਮਤ ਨੇ ਮੁੱਖ ਪਾਤਰ ਨੂੰ ਮਿਲਣ ਤੋਂ ਕਿਉਂ ਇਨਕਾਰ ਕੀਤਾ ਸੀ ? 5×1=5

3. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇੱਕ ਉੱਤੇ 500 ਸ਼ਬਦਾਂ ਵਿਚ ਲੇਖ ਲਿਖੋ :-

(i) ਨੌਜਵਾਨਾਂ ਵਿਚ ਪਰਵਾਸ ਦੀ ਇੱਛਾ

(ii) ਸੋਸ਼ਲ ਮੀਡੀਆ

(iii) ਅਜੋਕੀ ਵਿਦਿਅਕ ਪ੍ਰਣਾਲੀ

(iv) ਪ੍ਰਦੂਸ਼ਣ 10

4. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਦਿਓ :-

ਕਿਰਤ ਜੀਵਨ ਦੀ ਲੋੜ ਹੈ। ਇਹ ਉਸਾਰੂ ਤੇ ਉਭਾਰੂ ਮਨੁੱਖੀ ਕਰਮ ਹੈ। ਇਸ ਤੋਂ ਬਿਨਾਂ ਮਨੁੱਖ ਨਿਕੰਮਾ ਹੈ, ਉਸ ਦਾ ਸ਼ਰੀਰ ਹੀ ਵਿਹਲੜ ਤੇ ਨਿਕੰਮਾ ਨਹੀਂ ਹੁੰਦਾ, ਉਸ ਦੀ ਆਤਮਾ ਤੇ ਬੁੱਧੀ ਵੀ ਭੱਦੀ ਤੇ ਭੈੜੀ ਹੁੰਦੀ ਹੈ। ਕਿਰਤ ਦਾ ਆਰਥਿਕ ਲਾਭ ਤਾਂ ਹੈਹੀ ਕਿ ਇਹ ਮਨੁੱਖ



www.questionpaperesult.com

Scanned by CamScanner

ਦੀ ਮੁੱਖ ਸੰਪਤੀ ਵਿਚ ਵਾਧਾ ਕਰਦੀ ਹੈ। ਇਸ ਦਾ ਆਤਮਿਕ ਲਾਭ ਵੀ ਹੈ ਕਿ ਇਹ ਵਿਅਰਥ ਦੰਦਲ ਦੌੜਾਂ ਤੇ ਵਿਕਾਰਾਂ ਤੋਂ ਵੀ ਰੋਕਦੀ ਹੈ। ਸੱਚੀ ਕਿਰਤ ਦੁਆਰਾ ਜੀਵਨ ਕਟੋਰੇ ਵਿਚ ਨੱਕੋ ਨੱਕ ਭਰਪੂਰ ਅੰਮ੍ਰਿਤ ਭਰਿਆ ਜਾਂਦਾ ਹੈ। ਭੁੱਖ ਮਿਟਦੀ ਹੈ, ਸੁੱਖ ਉਪਜਦਾ ਹੈ। ਇਹ ਜੀਵਨ ਨੂੰ ਸੁਗੰਧਿਤ ਬਣਾ ਕੇ ਇਸ ਦੇ ਨਸ਼ੇ ਵਿਚ ਗੜੂੰਦ ਹੋਣ ਦਾ ਪਰਮ ਕਾਰਜ ਵੀ ਕਰਦੀ ਹੈ। ਇਹ ਜੀਵਨ ਨੂੰ ਮਾਨਣ, ਜਾਨਣ ਅਤੇ ਅਦਰਸ਼ ਵਿਚ ਢਾਲਣ ਦਾ ਪਰਮ ਸ੍ਰੇਸ਼ਟ ਕਿੱਤਾ ਹੈ।

5. (ੳ) ਉਚਾਰਨ ਵਿਧੀ ਦੇ ਆਧਾਰ ਤੇ ਪੰਜਾਬੀ ਵਿਅੰਜਨਾਂ ਦਾ ਵਰਗੀਕਰਨ ਕਰੋ।

ਜਾਂ

ਪੰਜਾਬੀ ਧੁਨੀ ਪ੍ਰਬੰਧ ਬਾਰੇ ਜਾਣਕਾਰੀ ਦਿਉ।

(ਅ) ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਦਿਓ :-

(i) ਰੂਪ ਦੇ ਅਧਾਰ ਤੇ ਸ਼ਬਦ ਕਿੰਨੀ ਪ੍ਰਕਾਰ ਦੇ ਹੁੰਦੇ ਹਨ ?

(ii) ਵਧੇਤਰ ਕਿਸ ਨੂੰ ਆਖਦੇ ਹਨ ? ਇਸ ਦੀਆ ਕਿਸਮਾਂ ਦੱਸੋ।

(iii) ਇੱਕ ਸੰਯੁਕਤ ਅਤੇ ਇਕ ਮਿਸ਼ਰਤ ਵਾਕ ਲਿਖੋ।

(iv) ਵਾਕ ਅਤੇ ਉਪਵਾਕ ਵਿਚਲਾ ਅੰਤਰ ਸਪਸ਼ਟ ਕਰੋ।



www.questionpaperesult.com

Scanned by CamScanner